# E-workshop on Export Control

September 22, 2020

---

## ਨਿਰਯਾਤ ਕੰਟਰੋਲ ਦੇ ਵਿਸ਼ੇ 'ਤੇ E-ਕਾਰਜਸ਼ਾਲਾ

22 ਸਤੰਬਰ, 2020

ਵਿਦੇਸ਼ ਮੰਤਰਾਲੇ ਨੇ ਇੰਡੀਅਨ ਚੈਂਬਰ ਆਫ਼ ਕਾਮਰਸ ਦੇ ਸਹਿਯੋਗ ਨਾਲ 18 ਸਤੰਬਰ, 2020 ਨੂੰ ਸੰਵੇਦਨਸ਼ੀਲ, ਦੋਹਰੀ ਵਰਤੋਂ ਵਾਲੀਆਂ ਚੀਜ਼ਾਂ ਅਤੇ ਟੈਕਨਾਲੋਜੀ ਦੇ ਨਿਰਯਾਤ ਦੇ ਨਿਯਮਾਂ ਬਾਰੇ ਜਾਗਰੂਕਤਾ ਵਧਾਉਣ ਲਈ ਨਿਰਯਾਤ ਕੰਟਰੋਲ ਦੇ ਵਿਸ਼ੇ 'ਤੇ ਇੱਕ E-ਕਾਰਜਸ਼ਾਲਾ ਕਰਾਈ। ਇਸ ਕਾਰਜਸ਼ਾਲਾ ਵਿੱਚ ਲਗਭਗ ਸੱਤਰ ਉਦਯੋਗਾਂ ਅਤੇ ਉੱਦਮਾਂ ਨੇ ਹਿੱਸਾ ਲਿਆ, ਜਿਸਨੂੰ ਵਿਦੇਸ਼ ਮੰਤਰਾਲੇ, ਵਿਦੇਸ਼ ਵਪਾਰ ਦੇ ਡਾਇਰੈਕਟੋਰੇਟ ਜਨਰਲ, ਰੱਖਿਆ ਮੰਤਰਾਲੇ, ਕੇਂਦਰੀ ਅਸਿੱਧੇ ਟੈਕਸ ਅਤੇ ਕਸਟਮ ਬੋਰਡ ਅਤੇ ਸੰਨਤਾਂ ਦੇ ਤਜਰਬੇਕਾਰ ਨੁਮਾਇੰਦਿਆਂ ਨੇ ਸੰਬੋਧਤ ਕੀਤਾ।

ਇਸ ਕਾਰਜਸ਼ਾਲਾ ਦੌਰਾਨ ਭਾਰਤ ਦੇ ਆਰਥਿਕ ਵਿਕਾਸ ਅਤੇ ਕੌਮਾਂਤਰੀ ਆਰਥਿਕਤਾ ਨਾਲ ਇਸਦੇ ਏਕੀਕਰਨ, ਵਿਦੇਸ਼ੀ ਨਿਵੇਸ਼ ਅਤੇ ਟੈਕਨੋਲੋਜੀ ਸਬੰਧਾਂ, ਕੌਮੀ ਸੁਰੱਖਿਆ ਨਾਲ ਜੁੜੇ ਹਿੱਤਾਂ, ਕੌਮਾਂਤਰੀ ਗੈਰ-ਪ੍ਰਸਾਰ ਦੀਆਂ ਜ਼ਿੰਮੇਵਾਰੀਆਂ ਅਤੇ ਸਰਕਾਰ ਦੀਆਂ 'ਮੇਕ ਇਨ ਇੰਡੀਆ', 'ਮੇਕ ਫੌਰ ਵਰਲਡ' ਅਤੇ 'ਆਤਮ ਨਿਰਭਰ ਭਾਰਤ' ਨਾਮਕ ਪ੍ਰਮੁੱਖ ਪਹਿਲਾਂ ਦੇ ਲਿਹਾਜ਼ ਤੋਂ ਨਿਰਯਾਤ ਕੰਟਰੋਲ ਪ੍ਰਣਾਲੀਆਂ ਦੀ ਮਹੱਤਤਾ ਅਤੇ ਲਾਭ ਸਾਂਝੇ ਕੀਤੇ ਗਏ। ਕੀਤੀਆਂ ਗਈਆਂ ਪੇਸ਼ਕਾਰੀਆਂ ਅਤੇ ਹੋਏ ਵਿਚਾਰ ਵਟਾਂਦਰੇ ਵਿਚ ਕਾਨੂੰਨ, ਨਿਯਮ, ਪ੍ਰਕਿਰਿਆਵਾਂ, ਲਾਗੂ ਕਰਨ ਦੀਆਂ ਵਿਧੀਆਂ ਅਤੇ ਉਦਯੋਗ ਸਿੱਖਿਆ ਦੀ ਮਹੱਤਤਾ ਅਤੇ ਨਿੱਗਰ ਨਿਰਯਾਤ ਕੰਟਰੋਲ ਤੰਤਰ ਹਾਸਲ ਕਰਨ ਲਈ ਪਾਲਣਾ ਦੀ ਮਹੱਤਤਾ ਸ਼ਾਮਲ ਸਨ, ਤਾਂ ਜੋ ਭਾਰਤ ਦਾ ਗੈਰ-ਪ੍ਰਸਾਰ ਦਾ ਬੇਦਾਗ਼ ਰਿਕਾਰਡ ਬਰਕਰਾਰ ਰੱਖਿਆ ਜਾ ਸਕੇ।

ਇਹ ਕਾਰਜਸ਼ਾਲਾ ਕੌਮਾਂਤਰੀ ਮਿਆਰਾਂ ਅਨੁਸਾਰ ਨਿੱਗਰ ਕੌਮੀ ਨਿਰਯਾਤ ਕੰਟਰੋਲ ਪ੍ਰਣਾਲੀ ਦੀ ਪ੍ਰਾਪਤੀ ਲਈ ਭਾਰਤ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਮੌਜੂਦਾ ਉਦਯੋਗਿਕ ਕੋਸ਼ਿਸ਼ਾਂ ਦਾ ਹਿੱਸਾ ਸੀ।

ਨਵੀਂ ਦਿੱਲੀ
18 ਸਤੰਬਰ, 2020

DISCLAIMER: This is an approximate translation. The original is available in English on MEA's website and may be referred to as the official press release.